## ਬਾਓਲ ਕੈਂਸਰ ਸਕਰੀਨਿੰਗ ਕੀ ਹੈ?

ਐਨ ਐੱਚ ਐੱਸ ਬਾਓਲ ਸਕਰੀਨਿੰਗ ਨਾਲ ਪਤਾ ਕੀਤਾ ਜਾਂਦਾ ਹੈ ਕਿ ਕੀ ਤੁਹਾਨੂੰ ਆਂਤੜੀ ਦਾ ਕੈਂਸਰ ਹੋ ਸਕਦਾ ਹੈ? ਸਕਿਰਨਿੰਗ ਨਾਲ ਕੈਂਸਰ ਨੂੰ ਰੋਕਣ ਵਿਚ ਜਾਂ ਸ਼ੁਰੂ ਵਿਚ ਹੀ ਇਹਦਾ ਵੱਧ ਸੌਖੀ ਤਰਹਾਂ ਇਲਾਜ ਕਰਨ ਵਿਚ ਮਦਦ ਮਿਲਦੀ ਹੈ।

ਐਨ ਐੱਚ ਐੱਸ ਤੁਹਾਨੂੰ ਬਾਓਲ ਸਕਰੀਨਿੰਗ ਕਿਟ ਮੁਫ਼ਤ ਭੇਜਦੀ ਹੈ ਜਿਹਦੇ ਵਿਚ ਤੁਸੀਂ ਆਪਣੀ ਟੱਟੀ ਦਾ ਥੋੜਾ ਜਿਹਾ ਨਮੂਨਾ ਇਕੱਠਾ ਕਰ ਸਕਦੇ ਹੋ। ਲੇਬਾਰੇਟਰੀ ਵਿਚ ਪਤਾ ਕੀਤਾ ਜਾਂਦਾ ਹੈ ਕਿ ਇਸ ਵਿਚ ਥੋੜਾ ਜਿਹਾ ਵੀ ਖ਼ੂਨ ਤਾਂ ਨਹੀਂ।

ਖ਼ੂਨ ਪੋਲਿਪਸ ਜਾਂ ਆਂਤੜੀ ਦੇ ਕੈਂਸਰ ਦੀ ਨਿਸ਼ਾਨੀ ਹੋ ਸਕਦਾ ਹੈ। ਪੋਲਿਪ ਆਂਤੜੀ ਵਿਚ ਬਣਦੇ ਹਨ ਜੋ ਕੁਝ ਸਮੇਂ ਮਗਰੋਂ ਕੈਂਸਰ ਬਣ ਜਾਂਦੇ ਹਨ। ਜੇ ਅਜਿਹਾ ਕੁਝ ਲੱਭੇ ਤਾਂ ਤੁਹਾਨੂੰ ਆਮ ਤੌਰ ਤੇ ਹਸਪਤਾਲ ਵਿਚ ਹੋਰ ਟੈਸਟ ਕਰਵਾਉਣ ਲਈ ਬੁਲਾਇਆ ਜਾਏਗਾ।

ਕਿਸੇ ਵੀ ਉਮਰ ਵਿਚ ਜੇ ਤੁਹਾਨੂੰ ਬਾਓਲ ਕੈਂਸਰ ਦੀਆਂ ਨਿਸ਼ਾਨੀਆਂ ਦਿਸਣ ਤਾਂ ਸਦਾ ਆਪਣੇ ਜੀ ਪੀ ਡਾਕਟਰ ਨਾਲ ਗੱਲ ਕਰੋ, ਭਾਵੇਂ ਤੁਸੀਂ ਹੁਣੇ ਜਿਹੇ ਹੀ ਸਕਰੀਨਿੰਕ ਕਿੱਟ ਭਰੀ ਹੋਵੇ।

## ਬਾਓਲ ਕੈਂਸਰ ਸਕਰੀਨਿੰਗ ਦੀ ਪੇਸ਼ਕਸ਼ ਕਿਉਂ ਕੀਤੀ ਜਾਂਦੀ ਹੈ?

ਬਾਓਲ ਜਾਂ ਆਂਤੜੀ ਦਾ ਕੈਂਸਰ ਸਭ ਤੋਂ ਵੱਧ ਹੋਣ ਵਾਲੇ ਕੈਂਸਰਾਂ ਵਿਚੋਂ ਇਕ ਹੈ। ਬਾਕਾਇਦਾ ਸਕਰੀਨਿੰਗ ਕਰਨ ਨਾਲ ਇਹਨੂੰ ਰੋਕਣ ਜਾਂ ਸ਼ੁਰੂ ਵਿਚ ਹੀ ਇਹਦਾ ਸੌਖੀ ਤਰਹਾਂ ਇਲਾਜ ਕਰਨ ਵਿਚ ਮਦਦ ਮਿਲਦੀ ਹੈ।

## ਬਾਓਲ ਕੈਂਸਰ ਸਕਰੀਨਿੰਗ ਕਿਹਨਾਂ ਲਈ ਹੈ?

ਲੰਡਨ ਵਿਚ ਇਹ 56 ਤੋਂ 74 ਸਾਲ ਦੇ ਹਰ ਵਿਅਕਤੀ ਲਈ ਹੈ, ਸਾਲ 2025 ਵਿਚ ਇਹ ਉਮਰ ਘਟਾ ਕੇ 50 ਸਾਲ ਕਰ ਦਿੱਤੀ ਜਾਏਗੀ। ਜਦ ਤੁਹਾਡੀ ਵਾਰੀ ਆਏਗੀ ਤਾਂ ਹਰ 2 ਸਾਲਾਂ ਬਾਦ ਤੁਹਾਨੂੰ ਸਕਰੀਨਿੰਗ ਟੈਸਟ ਕਿਟ ਭੇਜੀ ਜਾਏਗੀ। ਜਦ ਵੀ ਇਹ ਕਿਟ ਤੁਹਾਨੂੰ ਭੇਜੀ ਜਾਵੇ, ਤੁਹਾਨੂੰ ਇਹ ਭਰਨੀ ਚਾਹੀਦੀ ਹੈ।

## ਮੇਰਾ ਹੋਮ ਸਕਰੀਨਿੰਗ ਟੈਸਟ ਕਿਵੇਂ ਹੋਏਗਾ?

ਇੰਗਲੈਂਡ ਵਿਚ ਜੀ ਪੀ ਡਾਕਟਰਾਂ ਕੋਲ਼ ਰਜਿਸਟਰ ਹੋਏ ਇਸ ਟੈਸਟ ਦੇ ਹੱਕਦਾਰ ਹਰ ਵਿਅਕਤੀ ਦੇ ਘਰ ਦੇ ਪਤੇ ਤੇ ਇਹ ਟੈਸਟ ਕਿਟ ਆਪਣੇ ਆਪ ਭੇਜੀ ਜਾਂਦੀ ਹੈ।

## ਮੇਰੇ ਟੈਸਟ ਦੇ ਨਤੀਜੇ ਕਦੋਂ ਮਿਲਣਗੇ?

ਤੁਹਾਡੇ ਟੈਸਟ ਦੇ ਨਤੀਜੇ 2 ਹਫ਼ਤਿਆਂ ਵਿਚ ਤੁਹਾਨੂੰ ਡਾਕ ਰਾਹੀਂ ਭੇਜੇ ਜਾਣਗੇ। ਜੇ ਹੋਰ ਟੈਸਟ ਕਰਨ ਦੀ ਲੋੜ ਹੋਵੇ, ਤਾਂ ਤੁਹਾਨੂੰ ਦੱਸਿਆ ਜਾਏਗਾ। ਹੋਰ ਟੈਸਟਾਂ ਦਾ ਮਤਲਬ ਇਹ ਨਹੀਂ ਹੁੰਦਾ ਕਿ ਤੁਹਾਨੂੰ ਜ਼ਰੂਰ ਬਾਓਲ ਕੈਂਸਰ ਹੈ।

MMC_Bowel_WalletCard_Punjabi AW.indd 1 06/11/2023 4:17 pm

ਜੇ ਤੁਹਾਨੂੰ ਐਨ ਐੱਚ ਐੱਸ ਬਾਉਲ ਕੈਂਸਰ ਸਕ੍ਰੀਨਿੰਗ ਕਿੱਟ ਭੇਜੀ ਜਾਏ, ਤਾਂ ਇਹਨੂੰ ਟਾਇਲਟ ਦੇ ਕੋਲ਼ ਰੱਖ ਲਓ।

ਭੁੱਲ ਨਾ ਜਾਣਾ।

ਮੁਫ਼ਤ ਮਦਦ ਲਾਈਨ:

0800 707 6060

Screening saves lives

Help us help you

# ਬਾਓਲ ਕੈਂਸਰ ਸਕ੍ਰੀਨਿੰਗ ਕਿੱਟ ਦੀ ਵਰਤੋਂ ਕਿਵੇਂ ਕਰੋ

1. ਨਮੂਨੇ ਵਾਲੀ ਬੋਤਲ ਉੱਤੇ ਤਾਰੀਖ਼ ਲਿਖੋ
2. ਆਪਣੀ ਟੱਟੀ ਨਾ ਨਮੂਨਾ ਲੈਣ ਲਈ ਕਿਸੇ ਡੱਬੇ ਜਾਂ ਟਾਇਲਟ ਪੇਪਰ ਨੂੰ ਤਹਿ ਲਾ ਕੇ ਵਰਤੋ
3. ਟੱਟੀ ਨੂੰ ਟਾਇਲਟ ਦੇ ਪਾਣੀ ਨਾਲ ਨਾ ਛੂਹਣ ਦਿਓ
4. ਨਮੂਨੇ ਵਾਲੀ ਬੋਤਲ ਨੂੰ ਖੋਲਹ੍ਣ ਲਈ ਇਹਦਾ ਢੱਕਣ ਘੁਮਾਓ
5. ਟੱਟੀ ਤੇ ਡੰਡੀ ਨੂੰ ਰਗੜ ਕੇ ਲਏ ਨਮੂਨੇ ਨਾਲ ਸਭ ਖ਼ਾਲੀ ਥਾਂਵਾਂ ਭਰੋ
6. ਟੈਸਟ ਕਰਨ ਲਈ ਸਾਨੂੰ ਥੋੜੀ ਜਿਹੀ ਟੱਟੀ ਦੀ ਲੋੜ ਹੈ। ਵਾਧੂ ਨਾ ਭਰੋ



7. ਡੰਡੀ ਨੂੰ ਬੋਤਲ ਵਿਚ ਵਾਪਸ ਪਾ ਕੇ ਅਤੇ ਢੱਕਣ ਨੂੰ ਦੱਬ ਕੇ ਬੰਦ ਕਰੋ
8. ਵਰਤਣ ਮਗਰੋਂ ਬੋਤਲ ਨੂੰ ਦੁਬਾਰਾ ਨਾ ਖੋਲਹ੍ੋ
9. ਇਹ ਕੰਮ ਕਰਨ ਮਗਰੋਂ ਹੱਥ ਧੋਵੋ
10. ਬੋਤਲ ਨੂੰ ਮੁਫ਼ਤ ਡਾਕ ਵਾਲੇ ਲਿਫ਼ਾਫ਼ੇ ਵਿਚ ਪਾਓ
11. ਟੇਪ ਨੂੰ ਲਾਹ ਕੇ ਲਿਫ਼ਾਫ਼ਾ ਬੰਦ ਕਰਕੇ ਡਾਕ ਵਿਚ ਪਾ ਦਿਓ
12. ਟੈਸਟ ਦੇ ਨਤੀਜੇ ਤੁਹਾਨੂੰ ਦੋ ਹਫ਼ਤਿਆਂ ਵਿਚ ਮਿਲ਼ ਸਕਦੇ ਹਨ



ਜੇ ਤੁਹਾਨੂੰ ਐਨ ਐੱਚ ਐੱਸ ਬਾਓਲ ਕੈਂਸਰ ਸਕ੍ਰੀਨਿੰਗ ਕਿੱਟ ਭੇਜੀ ਜਾਏ, ਤਾਂ ਇਹਨੂੰ ਟਾਇਲਟ ਦੇ ਕੋਲ਼ ਰੱਖ ਲਓ।

ਭੁੱਲ ਨਾ ਜਾਣਾ।

nhs.uk/bowel-screening

MMC_Bowel_WalletCard_Punjabi AW.indd 2 06/11/2023 4:17 pm